Punjab Government Gazette

EXTRAORDINARY

Published by Authority

CHANDIGARH, WEDNESDAY, DECEMBER 31, 2025 (PAUSA 10, 1947 SAKA)

ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ

(ਮਿਉਂਸਪਲ ਚੋਣਾਂ ਸ਼ਾਖਾ)

ਅਧਿਸੂਚਨਾ

ਮਿਤੀ 31 ਦਸੰਬਰ, 2025

ਨੰਬਰ:04/51/ਹਲਕਾਬੰਦੀ(ਸ-1)/ਮਚਸ਼/2025/430.-ਅਧਿਸੂਚਨਾ ਨੰ: 04/51/ਹਲਕਾਬੰਦੀ(ਸ-1)/ਮਚਸ਼/2025/253 ਮਿਤੀ 22-12-2025 ਦੀ ਨਿਰੰਤਰਤਾ ਵਿੱਚ ਪੰਜਾਬ ਮਿਉਂਸਪਲ ਐਕਟ, 1911 (ਪੰਜਾਬ ਐਕਟ 3 ਆਫ 1911) ਦੀ ਧਾਰਾ 240 (1)(ਬੀ) ਅਤੇ ਡਿਲੀਮੀਟੇਸ਼ਨ ਆਫ ਵਾਰਡਜ ਆਫ ਮਿਉਂਸਪੈਲਟੀਜ ਰੂਲਜ, 1972 ਦੇ ਰੂਲ 9 ਅਧੀਨ ਅਤੇ ਇਸ ਸਬੰਧ ਵਿਚ ਦੂਸਰੇ ਸਮੂਹ ਅਖਤਿਆਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਨਗਰ ਕੌਂਸਲ, ਗੜ੍ਹਸ਼ੰਕਰ ਨੂੰ ਵਾਰਡਾਂ ਵਿੱਚ ਵੰਡਣ ਅਤੇ ਅਜਿਹੇ ਹਰ ਇਕ ਵਾਰਡ ਵਿਚੋਂ ਚੁਣੇ ਜਾਣ ਲਈ ਨੁਮਾਇੰਦਿਆਂ ਦੀ ਗਿਣਤੀ ਨਿਸਚਿਤ ਕਰਨ ਲਈ ਹੇਠ ਲਿਖੇ ਨਿਯਮ ਬਣਾਉਂਦੇ ਹਨ:-

ਨਿਯਮ

ਨਗਰ ਕੌਂਸਲ, ਗੜ੍ਹਸ਼ੰਕਰ ਜਿਲ੍ਹਾ ਹੁਸ਼ਿਆਰਪੁਰ ਨਗਰ ਦੇ ਨਗਰ ਪਾਲਾ ਦੀ ਚੋਣ ਦੇ ਮਕਸਦ ਲਈ ਨਗਰ ਕੌਂਸਲ, ਗੜ੍ਹਸ਼ੰਕਰ ਨੂੰ 13 ਵਾਰਡਾਂ ਵਿਚ ਵੰਡਿਆ ਜਾਵੇਗਾ ਜਿਨ੍ਹਾਂ ਪਿੱਛੇ 11 ਵਾਰਡ, ਜਿਨ੍ਹਾਂ ਦੇ ਪਿੱਛੇ ਬਰੈਕਟਾਂ ਅਤੇ ਸਬਦਾਂ ਵਿਚ:-

1. ਅਨੁਸੂਚਿਤ ਜਾਤੀਆ ਦੇ ਮੈਂਬਰਾ ਲਈ ਰਾਖਵਾਂ:
2. ਇਸਤਰੀ ਮੈਂਬਰਾਂ ਲਈ ਰਾਖਵਾਂ:
3. ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾ ਲਈ ਰਾਖਵਾਂ ਅਤੇ
4. ਪੱਛੜੀ ਸ੍ਰੇਣੀਆਂ ਦੇ ਮੈਂਬਰਾ ਲਈ ਰਾਖਵਾ,

ਲਿਖਿਆ ਹੋਵੇਗਾ ਕਿ ਉਹ ਵਾਰਡ ਉਨ੍ਹਾਂ ਕੈਟਾਗਰੀਆਂ ਨਾਲ ਸਬੰਧਤ ਮੈਂਬਰਾਂ ਲਈ ਰਾਖਵੇ ਹੋਣਗੇ। ਵਾਰਡਾਂ ਦੀਆਂ ਹੱਦਾਂ ਦਾ ਵਰਨਣ ਨਾਲ ਲਗਾਈ ਅਨੁਸੂਚੀ ਵਿਚ ਕੀਤਾ ਜਾਂਦਾ ਹੈ।

ਨਗਰ ਕੌਂਸਲ, ਗੜ੍ਹਸ਼ੰਕਰ ਜਿਲ੍ਹਾ ਹੁਸ਼ਿਆਰਪੁਰ ਨਗਰ ਦੇ ਵਾਰਡਾਂ ਦੀਆਂ ਹੱਦਾਂ ਦਾ ਵਰਣਨ ਦੱਸਦੀ ਅਨੁਸੂਚੀ

ਵਾਰਡ ਨੰ: 1 (ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾਂ ਲਈ ਰਾਖਵਾਂ)

ਨਗਰ ਕੌਂਸਲ ਦੀ ਉੱਤਰੀ ਹੱਦ ਅਤੇ ਨਗਰ ਕੌਂਸਲ ਦੀ ਪੂਰਬੀ ਹੱਦ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਨਗਰ ਕੌਂਸਲ ਦੀ ਪੂਰਬੀ ਹੱਦ ਨਾਲ ਚੱਲਦੇ ਹੋਏ ਪਿੰਡ ਪਾਹਲੇਵਾਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਹੁੰਦਲ ਫਾਰਮ ਤੀਕ, ਫਿਰ ਉਕਤ ਫਾਰਮ ਨਾਲ ਚੱਲਦੇ ਹੋਏ ਗਲੀ ਕਵਾੜੀਆ ਮਹੁੱਲਾ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਰੇਲਵੇ ਲਾਈਨ ਨੂੰ ਪਾਰ ਕਰਦੇ ਹੋਏ ਅਨਾਜ਼ ਮੰਡੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਰਾਵਲਪਿੰਡੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ

ਨਗਰ ਕੌਂਸਲ ਦੀ ਪੱਛਮੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਉੱਤਰੀ ਹੱਦ ਤੀਕ, ਅਰਥਾਤ ਜਿਥੋਂ ਅਰੰਭ ਕੀਤਾ ਸੀ ।

ਵਾਰਡ ਨੰ: 2

ਗਲੀ ਕਵਾੜੀਆ ਮਹੁੱਲਾ ਅਤੇ ਹੁੰਦਲ ਫਾਰਮ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਹੁੰਦਲ ਫਾਰਮ ਨਾਲ ਚੱਲਦੇ ਹੋਏ ਪਿੰਡ ਪਾਹਲੇਵਾਲ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਸੈਂਟ ਸੋਲਜ਼ਰ ਸਕੂਲ ਦੀ ਬੈਂਕ ਸਾਈਡ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ, ਸਾਹਮਣੇ ਬੀਰਮਪੁਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਰਾਣਾ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਹੁੱਲਾ ਸ਼ਾਮ ਨਗਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨੰਗਲ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਬੰਗਾਂ ਚੌਂਕ ਤੀਕ, ਫਿਰ ਉਕਤ ਚੌਂਕ ਤੋਂ ਚੱਲਦੇ ਹੋਏ ਗਲੀ ਨੀਲਮ ਬੁੱਕ ਡੀਪੂ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮੁਹੱਲਾ ਪੈਂਸਰੀਆਂ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਗਲੀ ਘਾਟੀ ਮੁਹੱਲਾ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਤਰਸੇਮ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਐਮ.ਸੀ. ਦਫ਼ਤਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਐਰੀ ਬਰਤਨ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਰੇਲਵੇ ਰੋਡ ਨੂੰ ਪਾਰ ਕਰਦੇ ਹੋਏ ਗਲੀ ਕਵਾੜੀਆਂ ਵਾਲੀ ਤੀਕ, ਅਰਥਾਤ ਜਿਥੋਂ ਅਰੰਭ ਕੀਤਾ ਸੀ ।

ਵਾਰਡ ਨੰ: 3 (ਇਸਤਰੀ ਮੈਂਬਰਾਂ ਲਈ ਰਾਖਵਾਂ)

ਪਿੰਡ ਪਾਹਲੇਵਾਲ ਰੋਡ ਅਤੇ ਨਗਰ ਕੌਂਸਲ ਦੀ ਪੂਰਬੀ ਹੱਦ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਨਗਰ ਕੌਂਸਲ ਦੀ ਪੂਰਬੀ ਹੱਦ ਨਾਲ ਚੱਲਦੇ ਹੋਏ ਪਿੰਡ ਦੁਗਰੀ ਰੋਡ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਹੁੱਲਾ ਡਾ: ਅਬੇਡਕਰ ਨਗਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਨੰਗਲ ਰੋਡ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਹੁੱਲਾ ਸਤੋਖ ਨਗਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸੈਂਟ ਸੋਲਜ਼ਰ ਦੀ ਬੈਂਕ ਸਾਈਡ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਪਿੰਡ ਪਾਹਲੇਵਾਲ ਰੋਡ ਤੀਕ, ਅਰਥਾਤ ਜਿਥੋਂ ਅਰੰਭ ਕੀਤਾ ਸੀ ।

ਵਾਰਡ ਨੰ: 4 (ਪਛੜ੍ਹੀਆਂ ਸ੍ਰੇਣੀਆਂ ਦੇ ਮੈਂਬਰਾਂ ਲਈ ਰਾਖਵਾਂ)

ਗਲੀ ਆਟਾ ਚੱਕੀ ਵਾਲੀ ਅਤੇ ਪਿੰਡ ਦੁਗਰੀ ਰੋਡ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਪਿੰਡ ਦੁਗਰੀ ਰੋਡ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਪੂਰਬੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਦੱਖਣੀ ਹੱਦ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨਵਾਂ ਸ਼ਹਿਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨੂਰਪੁਰ ਬੇਦੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਆਟਾ ਚੱਕੀ ਵਾਲੀ ਤੀਕ, ਅਰਥਾਤ ਜਿਥੋਂ ਅਰੰਭ ਕੀਤਾ ਸੀ ।

ਵਾਰਡ ਨੰ: 5 (ਇਸਤਰੀ ਮੈਂਬਰਾਂ ਲਈ ਰਾਖਵਾਂ)

ਬੀਰਮਪੁਰ ਰੋਡ ਅਤੇ ਗਲੀ ਸੈਂਟ ਸੋਲਜ਼ਰ ਸਕੂਲ ਵਾਲੀ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਗਲੀ ਸੈਂਟ ਸੋਲਜ਼ਰ ਨਾਲ ਚੱਲਦੇ ਹੋਏ ਗਲੀ ਮੁਹੱਲਾ ਸੰਤੋਖ ਨਗਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨੰਗਲ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਸਾਹਮਣੇ ਗਲੀ ਮਹੁੱਲਾ ਡਾ: ਅਬੰਡੇਕਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਆਟਾ ਚੱਕੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨੂਰਪੁਰ ਬੇਦੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਬਣਵੈਤ ਹਾਰਡਵੇਅਰ ਸਟੋਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪੁੱਡਾ ਕਲੋਨੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਨੰਗਲ ਰੋਡ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਭੋਗਲ ਆਈਸ ਫੈਕਟਰੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਹੁੱਲਾ ਸ਼ਾਮ ਨਗਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਬੀਰਮਪੁਰ ਰੋਡ ਤੀਕ ਅਰਥਾਤ ਜਿਥੋਂ ਅਰੰਭ ਕੀਤਾ ਸੀ ।

ਵਾਰਡ ਨੰ: 6 (ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾਂ)

ਨੰਗਲ ਰੋਡ ਅਤੇ ਗਲੀ ਪੁੱਡਾ ਕਲੋਨੀ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਗਲੀ ਪੁੱਡਾ ਕਲੋਨੀ ਨਾਲ ਚੱਲਦੇ ਹੋਏ ਸਾਹਮਣੇ ਨੂਰਪੁਰ ਬੇਦੀ ਰੋਡ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਅਜੀਤ ਮਾਰਕੀਟ ਤੀਕ, ਫਿਰ ਉਕਤ ਮਾਰਕੀਟ ਨਾਲ ਚੱਲਦੇ ਹੋਏ ਨੰਗਲ ਰੋਡ ਤੀਕ, ਅਰਥਾਤ ਜਿਥੋਂ ਅਰੰਭ ਕੀਤਾ ਸੀ ।

ਵਾਰਡ ਨੰ: 7 (ਇਸਤਰੀ ਮੈਂਬਰਾਂ ਲਈ ਰਾਖਵਾਂ)

ਨਗਰ ਕੌਂਸਲ ਦੀ ਪੱਛਮੀ ਹੱਦ ਅਤੇ ਨਹਿਰ ਦੇ ਸਥਾਨ ਤੋਂ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਨਹਿਰ ਨਾਲ ਚੱਲਦੇ ਹੋਏ ਗਲੀ ਰਾਧਾ ਸੁਆਮੀ ਸਤਿਸੰਗ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਹੁੱਲਾ ਬਸੰਤ ਨਗਰ ਤੀਕ, ਫਿਰ ਉਕਤ ਗਲੀ

ਨਾਲ ਚੱਲਦੇ ਹੋਏ ਗਲੀ ਗੁਰਨਾਮ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਬੰਗਾਂ ਰੋਡ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨਵਾਂ ਸ਼ਹਿਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਦੱਖਣੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਪੱਛਮੀ ਹੱਦ ਤੀਕ, ਅਰਥਾਤ ਜਿਥੋਂ ਅਰੰਭ ਕੀਤਾ ਸੀ ।

ਵਾਰਡ ਨੰ: 8 (ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾਂ)

ਨਗਰ ਕੌਂਸਲ ਦੀ ਪੱਛਮੀ ਹੱਦ ਅਤੇ ਫਤਿਹਪੁਰ ਰੋਡ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਫਤਿਹਪੁਰ ਰੋਡ ਨਾਲ ਚੱਲਦੇ ਹੋਏ ਗਲੀ ਆਟਾ ਚੱਕੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਰਾਮਮੂਰਤੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪਰਮਜੀਤ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਹੁੱਲਾ ਪੈਂਸਰੀਆਂ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਨੀਲਮ ਬੁੱਕ ਡੀਪੂ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ (ਬੰਗਾਂ ਚੌਂਕ) ਬੰਗਾਂ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਮਾਹਲ ਸਨੇਮਾ ਪੈਲੇਸ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰਨਾਮ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਗਲੀ ਬਸੰਤ ਨਗਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਰਾਧਾ ਸੁਆਮੀ ਸਤਿਸੰਗ ਘਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨਹਿਰ ਤੀਕ, ਫਿਰ ਉਕਤ ਨਹਿਰ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਪੱਛਮੀ ਹੱਦ ਤੀਕ ਅਰਥਾਤ ਜਿਥੋਂ ਅਰੰਭ ਕੀਤਾ ਸੀ ।

ਵਾਰਡ ਨੰ: 9 (ਇਸਤਰੀ ਮੈਂਬਰਾਂ ਲਈ ਰਾਖਵਾਂ)

ਗਲੀ ਜੈਲਦਾਰ ਵਾਲੀ ਅਤੇ ਗਲੀ ਘਾਟੀ ਗੁਰਦੁਆਰਾ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਗਲੀ ਘਾਟੀ ਗੁਰਦੁਆਰਾ ਨਾਲ ਚੱਲਦੇ ਹੋਏ ਗਲੀ ਮੁਹੱਲਾ ਪੈਂਸਰੀਆਂ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਹੁੱਲਾ ਨਿੱਜਰਾਂ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਗਲੀ ਕਰਨੈਲ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਜੈਲਦਾਰ ਵਾਲੀ ਤੀਕ, ਅਰਥਾਤ ਜਿਥੋਂ ਅਰੰਭ ਕੀਤਾ ਸੀ ।

ਵਾਰਡ ਨੰ: 10

ਗਲੀ ਪੁਰਾਣਾ ਸਟਾਫ਼ ਵਾਲੀ ਅਤੇ ਗਲੀ ਗਿਆਨ ਮੰਦਿਰ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਗਲੀ ਗਲੀ ਗਿਆਨ ਮੰਦਿਰ ਨਾਲ ਚੱਲਦੇ ਹੋਏ ਗਲੀ ਡਾਕਟਰ ਓਮ ਪ੍ਰਕਾਸ਼ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਕਾਬਲ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਘਾਟੀ ਗੁਰਦੁਆਰਾ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਜੈਲਦਾਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪੁਰਾਣਾ ਸਟਾਫ ਵਾਲੀ ਤੀਕ ਅਰਥਾਤ ਜਿਥੋਂ ਅਰੰਭ ਕੀਤਾ ਸੀ ।

ਵਾਰਡ ਨੰ:11 (ਇਸਤਰੀ ਮੈਂਬਰਾਂ ਲਈ ਰਾਖਵਾਂ)

ਗਲੀ ਆਰੀਆ ਸਮਾਜ ਮੰਦਿਰ ਅਤੇ ਗਲੀ ਹਨੂੰਮਾਨ ਮੰਦਿਰ ਵਾਲੀ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਗਲੀ ਹਨੂੰਮਾਨ ਮੰਦਿਰ ਨਾਲ ਚੱਲਦੇ ਹੋਏ ਗਲੀ ਐਰੀ ਕੱਚਾ ਕੋਲਾ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਇਸਤਰੀ ਸਤਿਸੰਗ ਘਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਤਰਲੋਕ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਤਰਸੇਮ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਘਾਟੀ ਮੁਹੱਲਾ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਕਾਬਲ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਡਾ: ਓਮ ਪ੍ਰਕਾਸ਼ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗਿਆਨ ਮੰਦਿਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਗਲੀ ਆਰੀਆ ਸਮਾਜ ਮੰਦਿਰ ਵਾਲੀ ਤੀਕ, ਅਰਥਾਤ ਜਿਥੋਂ ਅਰੰਭ ਕੀਤਾ ਸੀ ।

ਵਾਰਡ ਨੰ: 12 (ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾਂ)

ਅਨਾਜ਼ ਮੰਡੀ ਰੋਡ ਅਤੇ ਹੁਸ਼ਿਆਰਪੁਰ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਹੁਸ਼ਿਆਰਪੁਰ ਰੋਡ ਨਾਲ ਚੱਲਦੇ ਹੋਏ ਗਲੀ ਐਰੀ ਬਰਤਨ ਸਟੋਡ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬਾਲਮੀਕ ਮੁਹੱਲਾ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਇਸਤਰੀ ਸਤਿਸੰਗ ਘਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਐਰੀ ਕੱਚਾ ਕੋਲਾ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਹਨੂੰਮਾਨ ਮੰਦਿਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਆਰੀਆ ਸਮਾਜ ਮੰਦਿਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗਿਆਨ ਮੰਦਿਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪੁਰਾਣਾ ਸਟਾਫ਼ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸੁਰਿੰਦਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਗਲੀ ਕਰਨੈਲ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਹੁੱਲਾ ਨਿਜ਼ਰਾਂ ਵਾਲੀ ਤੀਕ,

ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਰਾਮ ਮੂਰਤੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਹੁੱਲਾ ਮੋਤੀ ਨਗਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਫਤਿਹਪੁਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਪੱਛਮੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਗਲੀ ਮਹੁੱਲਾ ਪ੍ਰਮੋਧ ਨਗਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਐਮ.ਸੀ. ਟਿਊਬਵੈਲ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਬਾਲਮੀਕ ਮੁਹੱਲਾ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਾਹਮਣੇ ਗਲੀ ਕੰਨਿਆ ਵਿਦਿਆਲਿਆ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਰਾਵਲਪਿੰਡੀ ਰੋਡ ਵਾਲੀ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਅਨਾਜ਼ ਮੰਡੀ ਰੋਡ ਤੀਕ, ਅਰਥਾਤ ਜਿਥੋਂ ਅਰੰਭ ਕੀਤਾ ਸੀ ।

ਵਾਰਡ ਨੰ: 13 (ਅਨੁਸੂਚਿਤ ਜਾਤੀਆਂ ਦੇ ਇਸਤਰੀ ਮੈਂਬਰਾਂ ਲਈ ਰਾਖਵਾਂ)

ਨਗਰ ਕੌਂਸਲ ਦੀ ਪੱਛਮੀ ਹੱਦ ਅਤੇ ਰਾਵਲ ਪਿੰਡੀ ਰੋਡ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਰਾਵਲਪਿੰਡੀ ਰੋਡ ਨਾਲ ਚੱਲਦੇ ਹੋਏ ਸਾਹਮਣੇ ਗਲੀ ਬਾਲਮੀਕ ਮੁਹੱਲਾ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਐਮ.ਸੀ. ਟਿਊਬਵੈਲ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮੁਹੱਲਾ ਪ੍ਰਮੋਧ ਨਗਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਪੱਛਮੀ ਹੱਦ ਤੀਕ, ਅਰਥਾਤ ਜਿਥੋਂ ਅਰੰਭ ਕੀਤਾ ਸੀ।

ਸਹੀ/-

ਮਨਜੀਤ ਸਿੰਘ ਬਰਾੜ, ਆਈ.ਏ.ਐਸ,

ਸਕੱਤਰ, ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

ਮਿਤੀ 31 ਦਸੰਬਰ, 2025

3598/12-2025/Pb. Govt. Press, S.A.S. Nagar